ਤੁਹਾਡੇ ਕੋਵਿਡ ਸਵਾਲ:

# ਕੀ ਓਮੀਕਰੋਨ ਹੋਣ ਦਾ ਮਤਲਬ ਹੈ ਕਿ ਵੈਕਸੀਨ ਬੇਅਸਰ ਹੈ?

ਜਨਵਰੀ 14. 2022

## ਜਵਾਬ: ਨਹੀਂ।

**1.** ਵਾਇਰਸ ਕੁਦਰਤੀ ਤੌਰ 'ਤੇ ਵਿਕਸਿਤ ਹੁੰਦੇ ਹਨ ਅਤੇ ਪਰਿਵਰਤਨ (mutate) ਕਰਦੇ ਰਹਿੰਦੇ ਹਨ - ਇਹਨਾਂ ਪਰਿਵਰਤਨਾਂ ਨੂੰ 'ਵੇਰੀਐਂਟ' ਕਿਹਾ ਜਾਂਦਾ ਹੈ।

**2.** ਜਿੰਨੇ ਜ਼ਿਆਦਾ ਲੋਕ ਸੰਕਰਮਿਤ ਹੁੰਦੇ ਹਨ, ਓਨਾ ਹੀ ਵਾਇਰਸ ਨੂੰ ਪਰਿਵਰਤਨ ਕਰਨ ਦਾ ਮੌਕਾ ਮਿਲ ਜਾਂਦਾ ਹੈ।

**3.** ਵੈਕਸੀਨ ਲਾਗ ਨੂੰ ਹਮੇਸ਼ਾ ਨਹੀਂ ਰੋਕਦੀ - ਪਰ ਇਹ ਬਿਮਾਰੀ ਦੇ ਗੰਭੀਰ ਰੂਪਾਂ ਨੂੰ ਰੋਕਣ ਵਿੱਚ ਮਦਦ ਕਰਦੀ ਹੈ।



### ਕੀ ਤੁਸੀਂ ਜਾਣਦੇ ਹੋ?

- ਕੋਵਿਡ-19 ਲਈ ਐਮਰਜੈਂਸੀ ਦੇਖਭਾਲ ਅਤੇ ICU ਵਾਲੇ ਜਿਆਦਾਤਰ ਲੋਕਾਂ ਨੂੰ ਵੈਕਸੀਨ ਨਹੀਂ ਲੱਗੀ ਹੁੰਦੀ: ਲਗਭਗ 10% ਆਬਾਦੀ ਨੂੰ ਵੈਕਸੀਨ ਨਹੀਂ ਲਗਾਈ ਗਈ, ਪਰ ਐਮਰਜੈਂਸੀ ਕੋਵਿਡ-19 ਦੇ ਲਗਭਗ 50% ਮਰੀਜ਼ਾਂ ਨੂੰ ਵੈਕਸੀਨ ਨਹੀਂ ਲਗਾਈ ਗਈ।
- ਜੇਕਰ ਤੁਹਾਨੂੰ ਵੈਕਸੀਨ ਲੱਗੀ ਹੈ ਤਾਂ ਵੀ ਤੁਹਾਨੂੰ ਕੋਵਿਡ-19 ਹੋ ਸਕਦਾ ਹੈ ਪਰ ਤੁਹਾਡੇ ਬਹੁਤ ਜ਼ਿਆਦਾ ਬਿਮਾਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ।
- ਵੈਕਸੀਨ ਲਗਾਏ ਗਏ ਲੋਕਾਂ ਦੇ ਮੁਕਾਬਲੇ 12 ਤੋਂ 59 ਸਾਲ ਦੀ ਉਮਰ ਦੇ ਉਹ ਲੋਕ ਜਿਨ੍ਹਾਂ ਨੂੰ ਵੈਕਸੀਨ ਨਹੀਂ ਲੱਗੀ ਹੈ, ਉਨ੍ਹਾਂ ਦੀ ਕੋਵਿਡ-19 ਨਾਲ ਹਸਪਤਾਲ ਵਿੱਚ ਦਾਖਲ ਹੋਣ ਦੀ ਸੰਭਾਵਨਾ 30 ਗੁਣਾ ਵੱਧ ਹੈ।1.

(1) https://www.canada.ca/en/public-health/news/2021/12/statement-from-the-chief-public-health-officer-of-canada-on-december-17-2021.html


Financial contribution from
Avec le financement de

Public Health Agency of Canada
Agence de la santé publique du Canada

Metropolis Institute - Institut

Vaccine Uptake Network · Réseau Adhésion Vaccination


**ਕੀ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ?**

ਇੱਥੋਂ ਤੁਸੀਂ ਕੋਵਿਡ-19 ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

https://bit.ly/3qQHmOx

ਇਸ ਸਮੱਗਰੀ ਦੀ ਮਾਹਰ ਸਲਾਹਕਾਰ ਗਰੁੱਪ ਦੁਆਰਾ ਜਾਂਚ ਕੀਤੀ ਗਈ ਹੈ।